# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਬਠਿੰਡਾ

-ਕਮ-ਦਫਤਰ ਸਮੱਗਰਾ ਸਿੱਖਿਆ ਅਭਿਆਨ ਅਥਾਰਿਟੀ ਬਠਿੰਡਾ

ਈ ਮੇਲ :- misbathinda@punjabeducation.gov.in

ਕਮਰਾ ਨੰਬਰ:- 458, ਤੀਜੀ ਮੰਜਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ


MIS Bathinda

ਵੱਲ:

**ਅਤੀ ਜ਼ਰੂਰੀ**

ਸਮੂਹ ਸਰਕਾਰੀ, ਪ੍ਰਾਈਵੇਟ, ਏਡਡ, ਆਦਰਸ਼ ਸਕੂਲ ਮੁਖੀ/ਪ੍ਰਿੰਸੀਪਲ,

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

ਜਿਲ੍ਹਾ ਬਠਿੰਡਾ

ਪੱਤਰ ਨੰਬਰ: ਐੱਮ.ਆਈ.ਐੱਸ./2023-24/20243769

ਮਿਤੀ: 03-01-2024

**ਵਿਸ਼ਾ: ਯੂ-ਡਾਈਸ 2023-24 ਵਿੱਚ ਦਰਜ ਵਿਦਿਆਰਥੀਆਂ ਦੀ ਗਿਣਤੀ ਅਤੇ ਈ-ਪੰਜਾਬ ਸਕੂਲ ਪੋਰਟਲ ਤੇ ਦਰਜ ਵਿਦਿਆਰਥੀਆਂ ਦੀ ਗਿਣਤੀ ਵਿੱਚ ਫਰਕ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਯੂ-ਡਾਈਸ ਸਰਵੇ 2023-24 ਦਾ ਡਾਟਾ ਸਮੂਹ ਸਕੂਲਾਂ ਵਲੋਂ ਭਰਿਆ ਜਾ ਰਿਹਾ ਹੈ। ਇਹ ਡਾਟਾ ਭਾਰਤ ਸਰਕਾਰ ਵਲੋਂ ਵੱਖ-ਵੱਖ ਪ੍ਰੋਜੈਕਟਾਂ ਅਤੇ ਹੋਰ ਕਾਰਜਾਂ ਲਈ ਵਰਤਿਆ ਜਾਂਦਾ ਹੈ। ਇਸ ਦੀ ਗੁਣਵੱਤਾ ਅਤੇ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਸਕੂਲ ਮੁਖੀਆਂ ਨੂੰ ਪੋਟਰਲ ਤੇ ਸਹੀ-ਵ-ਦਰੁਸਤ ਡਾਟਾ ਭਰਨ ਲਈ ਸਮੇਂ ਸਮੇਂ ਤੇ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ।

ਪੋਰਟਲ ਤੇ ਅਪਡੇਟ ਅੰਕੜਿਆਂ ਦਾ ਵਿਸ਼ਲੇਸ਼ਨ ਕਰਨ ਤੇ ਸਹੀਕਰਤਾ ਦੇ ਧਿਆਨ ਵਿੱਚ ਆਇਆ ਹੈ ਕਿ ਸਮੂਹ ਸਕੂਲਾਂ ਵਲੋਂ ਵਿਦਿਆਰਥੀਆਂ ਦੇ ਜੋ ਅੰਕੜੇ ਈ-ਪੰਜਾਬ ਸਕੂਲ ਪੋਰਟਲ ਅਤੇ ਯੂਡਾਈਸ ਪੋਰਟਲ ਤੇ ਦਰਜ ਕੀਤੇ ਗਏ ਹਨ, ਉਹਨਾਂ ਵਿੱਚ ਬਹੁਤ ਅੰਤਰ ਹੈ। ਸਕੂਲਾਂ ਵਲੋਂ ਯੂ-ਡਾਈਸ ਪੋਰਟਲ ਤੇ ਗਿਣਤੀ ਤੋਂ ਘੱਟ ਵਿਦਿਆਰਥੀਆਂ ਦੇ ਅੰਕੜੇ ਦਰਜ ਕੀਤੇ ਗਏ ਹਨ। ਜਿਸ ਕਰਕੇ ਯੂ-ਡਾਈਸ 2023-24 ਅਨੁਸਾਰ ਦਰਜ ਜ਼ਿਲ੍ਹੇ ਵਿੱਚ ਕੁੱਲ ਵਿਦਿਆਰਥੀਆਂ ਦੀ ਗਿਣਤੀ ਘਟ ਗਈ ਹੈ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ।

ਇਸ ਪੱਤਰ ਰਾਹੀਂ ਸਮੂਹ ਸਕੂਲ ਮੁਖੀਆਂ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਸਕੂਲ ਰਿਕਾਰਡ ਅਨੁਸਾਰ ਸਕੂਲ ਵਿੱਚ ਪੜਦੇ ਸਾਰੇ ਵਿਦਿਆਰਥੀਆਂ ਦੇ ਅੰਕੜੇ ਯੂ-ਡਾਈਸ ਪੋਰਟਲ ਤੇ ਦਰਜ ਕੀਤੇ ਜਾਣ। ਜੇਕਰ ਪੋਰਟਲ ਤੇ ਅੰਕੜੇ ਦਰਜ ਨਾ ਕਰਨ ਕਰਕੇ ਕੋਈ ਵਿਦਿਆਰਥੀ ਭਵਿੱਖ ਵਿੱਚ ਵਿਭਾਗ, ਸੂਬਾ ਸਰਕਾਰ ਜਾਂ ਭਾਰਤ ਸਰਕਾਰ ਤੋਂ ਮਿਲਣ ਵਾਲੀ ਕਿਸੇ ਵੀ ਸੁਵਿਧਾ ਤੋਂ ਵਾਂਝਾਂ ਰਹਿੰਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਪ੍ਰਿੰਸੀਪਲ/ਸਕੂਲ ਇੰਚਾਰਜ ਦੀ ਹੋਵੇਗੀ।

03/01/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ

ਪਿੱਠ ਅੰਕਣ ਨੰਬਰ: ਉਕਤ

ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ।
2. ਸਮੂਹ ਬੀ.ਐਨ.ਓਜ ਤੇ ਬੀ.ਪੀ.ਈ.ਓਜ ਨੂੰ ਆਪਣੇ ਅਧੀਨ ਪੈਂਦੇ ਸਮੂਹ ਸਕੂਲ ਮੁਖੀਆਂ ਨੂੰ ਨੋਟ ਕਰਵਾਉਣ ਹਿੱਤ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ